## ਸਾਹਿਤ ਚੋਰੀ

**ਹਮੇਸ਼ਾ ਆਪਣੇ ਅਧਿਆਪਕ ਤੋਂ ਪੁੱਛੋ:**

-ਤੁਹਾਡੇ ਸਕੂਲ ਦੀ ਸਾਹਿਤ ਚੋਰੀ ਦੀ ਪਰਿਭਾਸ਼ਾ ਕੀ ਹੈ।

-ਜਾਣਕਾਰੀ ਦੇ ਸਰੋਤਾਂ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ।

-ਕੀ ਤੁਹਾਨੂੰ ਅੰਤਮ ਪ੍ਰੋਜੇਕਟ ਦੇ ਨਾਲ ਨਾਲ ਆਪਣੇ ਨੋਟਸ ਵੀ ਦੇਣੇ ਜਰੂਰੀ ਹਨ।

### ਮੇਰੇ ਦੇਸ਼ ਵਿਚ ਕਿਸੇ ਦੂਸਰੇ ਦੇ ਲਿਖਤ ਕੰਮ ਦੀ ਨਕਲ ਕਰਨਾ ਸਵੀਕਾਰ ਹੁੰਦਾ ਹੈ। ਇੱਥੇ ਇਹ ਚੀਜ਼ ਫਰਕ ਕਿਉਂ ਹੈ?

ਸਾਹਿਤ ਚੋਰੀ ਦੀ ਪਰਿਭਾਸ਼ਾ ਹਰ ਦੇਸ਼ ਵਿਚ ਵੱਖ - ਵੱਖ ਹੈ। ਕੁਝ ਦੇਸ਼ਾਂ ਵਿਚ ਕਿਸੇ ਦੂਜੇ ਦੇ ਕੰਮ ਦੇ ਇਕ ਪੈਰੇ ਦੀ ਨਕਲ ਕਰਨ ਨੂੰ ਗਲਤ ਨਹੀਂ ਸਮਝਿਆ ਜਾਂਦਾ। ਕਈ ਮਾਮਲਿਆਂ ਵਿਚ ਸਰੋਤ ਦਾ ਹਵਾਲਾ ਨਾ ਦੇਣਾ ਆਮ ਹੂੰਦਾ ਹੈ ਕਿਉਂ ਕਿ ਇਸਨੂੰ ਸਾਧਾਰਨ ਗਿਆਨ ਸਮਝਿਆ ਜਾਂਦਾ ਹੈ ਅਤੇ ਇਹ ਸੋਚਣਾ ਕਿ ਅਧਿਆਪਕ ਨੂੰ ਸਰੋਤ ਦੀ ਜਾਣਕਾਰੀ ਨਹੀਂ ਹੈ ਉਸਦੇ ਲਈ ਅਪਮਾਨ ਜਨਕ ਵਿਸ਼ਾ ਹੋ ਸਕਦਾ ਹੈ।

### ਇਹ ਜਾਣਦੇ ਹੋਏ ਵੀ ਕਿ ਇਹ ਬੇਈਮਾਨੀ ਦਾ ਇਕ ਰੂਪ ਹੈ, ਕੁਝ ਵਿਦਿਆਰਥੀ ਸਾਹਿਤ ਚੋਰੀ ਕਿਉਂ ਕਰਦੇ ਹਨ ?

- ਵਿਦਿਆਰਥੀਆਂ ਦੇ ਉਪਰ ਚੰਗੇ ਨੰਬਰ ਲੈਣ ਦਾ ਦਬਾ ਹੁੰਦਾ ਹੈ ਅਤੇ ਉਹ ਸੋਚਦੇ ਹਨ ਕਿ ਕਿਸੇ ਦੂਜੇ ਦੀ ਰਚਨਾ ਉਹਨਾਂ ਦੀ ਆਪਣੀ ਤੋਂ ਵਧੀਆ ਹੋਏਗੀ ।

- ਉਹ ਵਿਦਿਆਰਥੀ ਜਿਹਨਾਂ ਦੀ ਇੰਗਲਿਸ਼ ਕਮਜ਼ੋਰ ਹੈ ਉਹ ਸੋਚਦੇ ਹਨ ਕਿ ਉਹਨਾਂ ਕੋਲ ਚੰਗੀ ਲਿਖਾਈ ਕਰਨ ਦੀ ਨਿਪੁੰਨਤਾ ਨਹੀਂ ਹੈ।

- ਵਿਦਿਆਰਥੀ ਇਕ ਲੇਖਕ ਨੂੰ ਭਾਲ ਲੈਂਦੇ ਹਨ ਜਿਸਦੇ ਨਾਲ ਉਹ ਸਹਿਮਤ ਹੁੰਦੇ ਹਨ ਅਤੇ ਨਕਲ ਕਰਣਾਂ ਸੌਖਾ ਮੰਨ ਲੈਂਦੇ ਹਨ।

*ਜੇ ਤੁਸੀਂ ਕਿਸੇ ਹੋਰ ਦੀ ਰਚਨਾ ਦੀ ਵਰਤੋਂ ਕਰ ਰਹੇ ਹੋ ਤੇ ਯਾਦ ਰਖੋ ਕਿ ਅਧਿਆਪਕ ਨੂੰ ਪਤਾ ਲਗ ਜਾਏਗਾ। ਪੇਸ਼ੇਵਰ ਲੇਖਕਾਂ ਦੀ ਸ਼ਬਦਾਵਲੀ ਅਤੇ ਵਾਕ ਬਨਾਵਟ ਇਕ ਵਿਦਿਆਰਥੀ ਤੋਂ ਵੱਖਰੀ ਹੁੰਦੀ ਹੈ। ਨਕਲ ਕੀਤੀ ਹੋਈ ਰਚਨਾ ਦੀ ਥਾਂ ਤੁਹਾਡੇ ਅਧਿਆਪਕ ਨੂੰ ਤੁਹਾਡੀ ਰਚਨਾ ਮਨਜ਼ੂਰ ਹੋਏਗੀ ਭਾਵੇਂ ਉਸ ਵਿਚ ਗਲਤੀਆਂ ਵੀ ਹੋਣ ।*

VSB

**“ Plagiarism”**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | British Columbia, The Best Place on Earth | WelcomeBC

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਸਾਹਿਤ ਚੋਰੀ



## ਆਮ ਤੌਰ ਤੇ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ

# ਸਾਹਿਤ ਚੋਰੀ

## ਸਾਹਿਤ ਚੋਰੀ ਕੀ ਹੈ ?

ਕੈਨੇਡਾ ਵਿਚ ਸਾਹਿਤ ਚੋਰੀ ਦਾ ਮਤਲਬ ਹੈ ਕਿ ਇਕ ਵਿਦਿਆਰਥੀ ਕਿਸੀ ਦੂਸਰੇ ਦੇ ਵਿਚਾਰਾਂ ਅਤੇ ਸ਼ਬਦਾਂ ਨੂੰ ਆਪਣਾ ਦੱਸ ਕੇ ਮਾਣ ਪ੍ਰਾਪਤ ਕਰ ਰਿਹਾ ਹੈ। ਇਹ ਕਿਸੀ ਹੋਰ ਦੇ ਕੰਮ ਦੀ ਨਕਲ ਕਰਨਾ ਹੈ ਪਰ ਵਿਖਾਵਾ ਕਰਨਾ ਕਿ ਵਿਚਾਰ ਉਸਦੇ ਆਪਣੇ ਹਨ।

## ਉਦਾਹਰਨ ਦੇ ਤੌਰ ਤੇ :

- ਪੂਰਾ ਨਿਬੰਧ ਜਿਸ ਵਿਚ ਇਕ ਇਕ ਸ਼ਬਦ ਦੀ ਨਕਲ ਮਾਰੀ ਹੋਈ ਹੈ।
- ਕਿਸੀ ਮੋਲਕ ਰਚਨਾ ਵਿਚ ਮਾੜਾ ਜਿਹਾ ਹੇਰ ਫੇਰ ਕਰ ਕੇ ਜਾਂ ਕੁਝ ਵਾਕਾਂ ਨੂੰ ਫੇਰ ਬਦਲ ਕਰ ਕੇ ਪੇਸ਼ ਕਰਨਾ।

ਕਿਸੇ ਹੋਰ ਦੇ ਵਿਚਾਰ, ਆਂਕੜੇ, ਚਿੱਤਰ ਜਾਂ ਜਾਣਕਾਰੀ ਦਾ ਇਸਤੇਮਾਲ ਕਰਨਾ ਤਾਂ ਹੀ ਸਹੀ ਮੰਨਿਆ ਜਾ ਸਕਦਾ ਹੈ ਜੇ ਉਸ ਦਾ ਮਾਣ ਉਸਦੇ ਲੇਖਕ ਜਾਂ ਸਰੋਤ ਨੂੰ ਦਿੱਤਾ ਗਿਆ ਹੈ।



## ਵਿਦਿਆਰਥੀ ਸਾਹਿਤ ਚੋਰੀ ਲਈ ਕਿਹੜੇ ਆਮ ਤਰੀਕਿਆਂ ਦਾ ਇਸਤੇਮਾਲ ਕਰਦੇ ਹਨ?

ਇੰਟਰਨੇਟ ਦੇ ਇਸਤੇਮਾਲ ਨਾਲ ਕਈ ਵਿਦਿਆਰਥੀ ਬਹੁਤ ਛੇਤੀ ਸ਼ੋਧ ਸਮਗਰੀ ਟੋਲ ਲੈਂਦੇ ਹਨ ਜਿਸਨੂੰ ਉਹ ਅਸਾਨੀ ਨਾਲ ਨਕਲ ਕਰ ਕੇ ਆਪਣੀ ਲਿਖਾਈ ਵਿਚ ਪਾ ਸਕਦੇ ਹਨ। ਇਸ ਸੱਮਗਰੀ ਦੇ ਸਰੋਤ ਦਾ ਜ਼ਿਕਰ ਨਾਂ ਕਰਨਾ ਸਾਹਿਤ ਚੋਰੀ ਮੰਨਿਆ ਜਾਂਦਾ ਹੈ ਅਤੇ ਇਹ ਇਕ ਤਰਾਂ ਦੀ ਬੇਈਮਾਨੀ ਹੈ।

**ਉਦਾਹਰਨ ਦੇ ਤੌਰ ਤੇ :**

- ਵਿਦਿਆਰਥੀ ਇਹ ਵਿਖਾਵਾ ਕਰਨ ਲਈ ਕਿ ਉਹ ਉਹਨਾਂ ਦੀ ਆਪਣੀ ਰਚਨਾ ਹੈ, ਵਾਕ ਦੇ ਕੁਝ ਹਿੱਸੇ, ਪੂਰੇ ਪੂਰੇ ਵਾਕ ਜਾਂ ਪੈਰੇ, ਵੱਖ-ਵੱਖ ਸਰੋਤਾਂ ਤੋਂ ਇਕੱਠੇ ਕਰ ਕੇ ਆਪਸ ਵਿਚ ਜੋੜ ਦਿੰਦੇ ਹਨ।
- ਵਿਦਿਆਰਥੀ ਕਿਸੀ ਦੂਸਰੇ ਦੀ ਸੱਮਗਰੀ ਵਿਚ ਸ਼ਬਦ ਬਦਲ ਕੇ ਜਾਂ ਅੱਗੇ ਪਿੱਛੇ ਕਰ ਕੇ ਬਹਾਨਾ ਕਰਦੇ ਹਨ ਕਿ ਇਹ ਉਹਨਾਂ ਦੀ ਆਪਣੀ ਰਚਨਾ ਹੈ। ਸ਼ਬਦਾਂ ਦੀ ਤਰਤੀਬ ਬਦਲਣ ਨਾਲ ਇਹ ਤੁਹਾਡੀ ਆਪਣੀ ਨਹੀਂ ਬਣ ਜਾਂਦੀ।
- ਵਿਦਿਆਰਥੀ ਦੂਜੇ ਬੰਦਿਆਂ ਦੇ ਵਿਚਾਰਾਂ ਅਤੇ ਮੱਤਾਂ ਦਾ ਇਸਤੇਮਾਲ ਬਿਨਾਂ ਉਹਨਾਂ ਨੂੰ ਮਾਨਤਾ ਦਿੱਤੇ ਕਰਦੇ ਹਨ।

## ਮਾਨਤਾ ਦਿੱਤੇ ਬਗੈਰ ਕਦੋਂ ਵਿਚਾਰਾਂ ਨੂੰ ਇਸਤੇਮਾਲ ਕੀਤਾ ਜਾ ਸਕਦਾ ਹੈ?

ਇਹ ਇਕ ਮੁਸ਼ਕਲ ਸਵਾਲ ਹੈ। ਜੇ ਕੋਈ ਵਿਚਾਰ ਆਮ ਹੈ ਜਾਂ ਉਸਨੂੰ ਸਧਾਰਨ ਗਿਆਨ ਮੰਨਿਆ ਜਾਂਦਾ ਹੈ ਤੇ ਉਸਨੂੰ ਮਾਨਤਾ ਦੇਣਾ ਜਰੂਰੀ ਨਹੀਂ ਹੈ।

**ਉਦਾਹਰਨ ਦੇ ਤੌਰ ਤੇ:**

- ਚੰਦਰਮਾ ਪ੍ਰਿਥਵੀ ਦਾ ਉਪਗ੍ਰਹਿ ਹੈ।
- ਵੈਨਕੂਵਰ ਇਕ ਭੁਚਾਲੀ ਇਲਾਕੇ ਵਿਚ ਹੈ।

## ਜੇ ਵਿਦਿਆਰਥੀ ਸਾਹਿਤ ਚੋਰੀ ਕਰਦਾ ਫੜਿਆ ਜਾਂਦਾ ਹੈ ਤੇ ਕੀ ਹੁੰਦਾ ਹੈ ?

ਉਹਨਾਂ ਨੂੰ ਉਸ ਰਚਨਾ ਤੇ 'ਜੀਰੋ' ਮਿਲ ਸਕਦਾ ਹੈ ਜਾਂ ਉਹਨਾਂ ਨੂੰ ਪਾਠਕ੍ਰਮ ਤੋਂ ਹਟਾ ਦਿੱਤਾ ਜਾਂਦਾ ਹੈ।

## ਵਿਦਿਆਰਥੀ ਸਾਹਿਤ ਚੋਰੀ ਤੋਂ ਕਿਸ ਤਰਾਂ ਬਚ ਸਕਦਾ ਹੈ?

1. ਆਪਣੇ ਸ਼ੋਧ ਕਾਰਜ ਦੇ ਨਾਲ ਨਾਲ ਨੋਟਸ ਬਣਾਂਦੇ ਰਹੋ। ਇਹਨਾਂ ਨੋਟਸ ਵਿਚ ਮੁੱਖ ਵਿਚਾਰ ਅਤੇ ਵੇਰਵੇ ਦੀ ਸੂਚੀ ਹੋਣੀ ਚਾਹੀਦੀ ਹੈ। ਰਚਨਾ ਕਰਨ ਦੇ ਸਮੇਂ ਇਹਨਾਂ ਨੋਟਸ ਨੂੰ ਇਸਤੇਮਾਲ ਕਰੋ। ਆਪਣੇ ਵਿਚਾਰਾਂ ਨੂੰ ਪਰਗਟ ਕਰਦੇ ਸਮੇਂ ਪੜ੍ਹੇ ਹੋਏ ਵਾਕਾਂ ਨੂੰ ਬੁਨਿਆਦ ਦੇ ਰੂਪ ਵਿਚ ਇਸਤੇਮਾਲ ਕਰਨ ਦੀ ਥਾਂ ਤੇ ਉਹਨਾਂ ਨੂੰ ਸਿੱਧੇ ਸਿੱਧੇ ਲਿਖੋ, ਅਤੇ ਦੱਸੋ ਕਿ ਇਹਨਾਂ ਦਾ ਸਰੋਤ ਕੀ ਹੈ।
2. ਜਿਹੜ੍ਹੀਆਂ ਕਿਤਾਬਾਂ, ਸਫਿਆਂ ਅਤੇ ਲੇਖਕਾਂ ਦੀ ਵਰਤੋਂ ਕੀਤੀ ਹੈ, ਦਾ ਹਿਸਾਬ ਰਖੋ। ਇਸਦੇ ਵਿਚ ਕਿਤਾਬਾਂ, ਲੇਖ, ਇੰਟਰਨੇਟ, ਖਾਕੇ, ਸਾਰਣੀਆਂ ਆਦਿ ਸ਼ਾਮਿਲ ਹਨ। ਜਿੰਨਾਂ ਤੁਸੀਂ ਠੀਕ ਸਮਝਦੇ ਹੋ, ਉਸਤੋਂ ਅਧਿਕ ਲਿਖਣਾ ਬਿਹਤਰ ਹੈ।
3. ਆਪਣੇ ਅਧਿਆਪਕ ਤੋਂ ਪੁੱਛੋ ਕਿ ਸਰੋਤਾਂ ਦੀ ਪਛਾਣ ਕਿਵੇਂ ਕਰਨੀ ਹੈ। ਆਮ ਤੌਰ ਤੇ ਇਸਦਾ ਮਤਲਬ ਹੁੰਦਾ ਹੈ ਕਿ ਪਗ ਟਿੱਪਣੀ (footnotes) ਅਤੇ ਸਰੋਤਾਂ ਦੀ ਸੂਚੀ (bibliography) ਦੇਣਾ।

ਪਗ ਟਿੱਪਣੀ **(Footnotes)** - ਕਿਸੇ ਦੂਸਰੇ ਦੀ ਰਚਨਾ ਤੋਂ ਲਏ ਗਏ ਵਾਕਾਂ ਦੇ ਪਰਮਾਣ ਦੇਣ ਦਾ ਤਰੀਕਾ ।

ਸਰੋਤਾਂ ਦੀ ਸੂਚੀ **( Bibliography)** - ਅੱਖਰ ਕ੍ਰਮ ਦੇ ਹਿਸਾਬ ਨਾਲ ਬਣੀ ਹੋਈ ਕਿਤਾਬਾਂ, ਲੇਖਾਂ, ਰਿਸਾਲੇ, ਵੇਬਸਾਈਟ ਆਦਿ ਦੀ ਸੂਚੀ, ਜਿਸ ਨੂੰ ਜਾਣਕਾਰੀ ਇਕੱਠੇ ਕਰਦੇ ਸਮੇਂ ਤੁਸੀਂ ਇਸਤੇਮਾਲ ਕੀਤਾ ਹੈ ।